BC CANCER
Provincial Health Services Authority

# ਕੈਂਸਰ ਦੇ ਇਲਾਜ ਦੌਰਾਨ ਗਰਭ ਹੋਣ ਤੋਂ ਰੋਕਣਾ

# ਤੁਹਾਨੂੰ ਕੀ ਜਾਣਨ ਦੀ ਲੋੜ ਹੈ






## ਕੈਂਸਰ ਦੇ ਇਲਾਜ ਦੌਰਾਨ ਤੁਹਾਨੂੰ ਗਰਭਵਤੀ ਕਿਉਂ ਨਹੀਂ ਹੋਣਾ ਚਾਹੀਦਾ

**ਜਦੋਂ ਕੈਂਸਰ ਦਾ ਇਲਾਜ ਹੋ ਰਿਹਾ ਹੋਵੇ, ਤਾਂ ਜ਼ਰੂਰੀ ਹੈ ਕਿ ਤੁਸੀਂ ਅਤੇ ਤੁਹਾਡਾ ਸਾਥੀ ਗਰਭਵੀ ਨਾ ਹੋ ਜਾਵੇ।** ਰੇਡੀਏਸ਼ਨ, ਅਤੇ ਸੰਸਥਾਤਮਕ ਥੈਰਪੀ (ਕੀਮੋਥੈਰਪੀ ਇਮਿਊਨੋਥੈਰਪੀ, ਹਾਰਮੋਨ ਜਾਂ ਟਾਰਗੈਟਡ ਥੈਰਪੀ) ਜਿਹੇ ਕੈਂਸਰ ਦੇ ਇਲਾਜਾਂ ਦੌਰਾਨ ਆਂਡੇ, ਭਰੂਣ (ਗਰਭ ਦੀ ਮੁੱਢਲੀ ਅਵਸਥਾ), ਫ਼ੀਟਸ (ਅਣਜਿੰਮਿਆ ਬੱਚਾ), ਜਾਂ ਵੀਰਜ ਨੂੰ ਨੁਕਸਾਨ ਪਹੁੰਚ ਸਕਦਾ ਹੈ।

ਜੇ ਤੁਸੀਂ ਗਰਭਵਤੀ ਹੋ ਜਾਂਦੇ ਹੋ, ਤਾਂ ਇਲਾਜ ਸ਼ੁਰੂ ਕਰਨ ਤੋਂ ਪਹਿਲਾਂ ਤੁਹਾਡੀ ਹੈਲਥ ਕੇਅਰ ਟੀਮ ਗਰਭ ਦਾ ਟੈਸਟ ਕਰੇਗੀ। ਇਹ ਟੈਸਟ ਤੁਹਾਡੀ ਸਹਿਮਤੀ ਨਾਲ ਕੀਤਾ ਜਾਂਦਾ ਹੈ।

## ਇਸ ਇਲਾਜ ਦੌਰਾਨ ਜੇ ਤੁਸੀਂ ਗਰਭਵਤੀ ਹੋ ਜਾਂਦੇ ਹੋ ਤਾਂ ਕੀ ਹੋਵੇਗ?

- ਤੁਹਾਨੂੰ ਇਲਾਜ ਬੰਦ ਕਰਨਾ ਪੈ ਸਕਦਾ ਹੈ।
- ਕਈ ਹੋਰ ਇਲਾਜ ਅਤੇ ਟੈਸਟ ਵੀ ਨਹੀਂ ਕੀਤੇ ਜਾ ਸਕਦੇ
- ਕੈਂਸਰ ਦੇ ਕਈ ਇਲਾਜਾਂ ਨਾਲ ਆਂਡੇ. ਵੀਰਜ ਜਾਂ ਭਰੂਣ (ਖ਼ਾਸ ਕਰਕੇ ਪਹਿਲੇ ੩ ਮਹੀਨਿਆਂ ਦੌਰਾਨ) ਨੂੰ ਨੁਕਸਾਨ ਪਹੁੰਚ ਸਕਦਾ ਹੈ। ਬੱਚੇ ਜੰਮਣ ਵਾਲੇ ਦੀ ਸਿਹਤ ਉੱਤੇ ਵੀ ਅਸਰ ਪੈ ਸਕਦਾ ਹੈ।
- ਤੁਹਾਡਾ ਗਰਭਪਾਤ (ਫ਼ੀਟਸ ਜਾਂ ਭਰੂਣ ਮਰ ਜਾਂਦਾ ਹੈ) ਹੋ ਸਕਦਾ ਹੈ ਜਾਂ ਬੇਬੀ ਨੂੰ (ਬੇਬੀ ਦੇ ਦਿਮਾਗ਼ ਜਾਂ ਸਰੀਰ ਉੱਤੇ ਮੰਦਾ ਅਸਰ ਪੈ ਸਕਦਾ ਹੈ) ਨੁਕਸਾਨ ਪਹੁੰਚ ਸਕਦਾ ਹੈ।

## ਗਰਭ ਹੋਣ ਤੋਂ ਕਿਵੇਂ ਰੋਕਿਆ ਜਾਂਦਾ ਹੈ?

ਜਦੋਂ ਤੁਸੀਂ ਕੈਂਸਰ ਇਲਾਜ ਕਰਵਾ ਰਹੇ ਹੋਵੋ ਅਤੇ ਇਲਾਜ ਪਿੱਛੋਂ ਵੀ ਕੁਝ ਸਮੇਂ ਲਈ ਜ਼ਰੂਰੀ ਹੈ ਕਿ ਗਰਭਵਤੀ ਹੋਣ ਤੋਂ ਰੋਕਿਆ ਜਾਵੇ। ਇਲਾਜ ਹੋ ਜਾਣ ਦੇ ਕਿੰਨੀ ਦੇਰ ਪਿੱਛੋਂ ਗਰਭਵਤੀ ਹੋਣਾ ਸੁਰੱਖਿਅਤ ਹੁੰਦਾ ਹੈ ਬਾਰੇ ਆਪਣੀ ਹੈਲਥ ਕੇਅਰ ਟੀਮ ਨਾਲ ਗਲਬਾਤ ਕਰੋ।

ਜੇ ਤੁਸੀਂ ਜਾਂ ਤੁਹਾਡਾ ਸਾਥੀ ਗਰਭਵਤੀ ਹੋ ਸਕਦੇ ਹੋ ਤਾਂ ਜ਼ਰੂਰੀ ਹੈ ਕਿ ਸੰਭੋਗ ਦੌਰਾਨ ਗਰਭ ਨਿਰੋਧ ਵਰਤੋ।

**ਸੰਭਵ ਹੈ ਕੁਝ ਹਾਰਮੋਨ ਸੰਬੰਧਤ ਗਰਭ ਨਿਰੋਧ (ਜਿਵੇਂ ਕਿ ਗਰਭ ਨਰੋਧ ਗੋਲੀ, ਪੈਚ ਜਾਂ ਟੀਕਾ) ਕੈਂਸਰ ਇਲਾਜ ਦੌਰਾਨ ਕਾਰਗਰ ਨਾ ਹੋਣ।**

ਇਲਾਜ ਦੌਰਾਨ ਕਿਸ ਕਿਸਮ ਦੇ ਗਰਭ ਨਿਰੋਧ ਸੁਰੱਖਿਅਤ ਹਨ ਬਾਰੇ ਤੁਹਾਡੀ ਹੈਲਥ ਕੇਅਰ ਟੀਮ ਤੁਹਾਡੇ ਨਾਲ ਗੱਲ ਕਰ ਸਕਦੀ ਹੈ। ਕੈਂਸਰ ਦੇ ਇਲਾਜ ਦੌਰਾਨ ਅਤੇ ਪਿੱਛੋਂ ਗਰਭ ਰੋਕਣ ਬਾਰੇ ਵੀ ਉਹ ਤਹਾਡੇ ਨਾਲ ਗੱਲ ਕਰ ਸਕਦੀ ਹੈ।

## ਸੰਭੋਗ ਅਤੇ ਕੈਂਸਰ ਦਾ ਇਲਾਜ

ਸੰਸਥਾਤਮਕ ਥੈਰਪੀ ਇਲਾਜ ਤੁਹਾਡੇ ਸਰੀਰ ਅੰਦਰ ਹੀ ਹੋ ਸਕਦੇ ਹਨ। ਜੇ ਤੁਹਾਡਾ ਸਾਥੀ ਸੰਭੋਗ ਦੌਰਾਨ ਤੁਹਾਡੇ ਸਰੀਰ ਦੇ ਇਲਾਜ ਦੀਆਂ ਦਵਾਈਆਂ ਵਾਲੇ ਤਰਲ ਦੇ ਸਪਰਸ਼ ਵਿੱਚ ਆਉਂਦਾ ਹੈ ਤਾਂ ਇਸ ਨਾਲ ਤੁਹਾਡੇ ਸਾਥੀ ਜਾਂ ਫ਼ੀਟਸ ਨੂੰ ਨੁਕਸਾਨ ਹੋ ਸਕਦਾ ਹੈ।

**ਮੂੰਹ,ਯੋਨੀ ਜਾਂ ਗੁਦਾ ਸੰਭੋਗ ਦੌਰਾਨ ਸਾਰੇ ਇਲਾਜ ਵਿੱਚ ਅਸੀਂ ਬੈਰੀਅਰ ਯੰਤਰਾਂ** (ਕਾਡੋਮਜ਼, ਡੈਂਟਲ ਡੈਮਜ਼) ਦੀ ਵਰਤੋਂ ਕਰਨ ਦੀ ਸਿਫ਼ਾਰਸ਼ ਕਰਦੇ ਹਾਂ। ਆਖ਼ਰੀ ਇਲਾਜ ਦੇ 48 ਘੰਟੇ ਪਿੱਛੋਂ ਤੀਕ ਵੀ ਤੁਹਾਨੂੰ ਇਨ੍ਹਾਂ ਯੰਤਰਾਂ ਦੀ ਵਰਤੋਂ ਕਰਨੀ ਚਾਹੀਦੀ ਹੈ। ਇਸ ਤਰ੍ਹਾਂ ਕਰਨ ਨਾਲ ਤੁਹਾਡਾ ਸਾਥੀ ਕਿਸੇ ਵੀ ਅਜਿਹੀ ਦਵਾਈ ਜਿਹੜੀ ਕਿ ਤੁਹਾਡੇ ਸਰੀਰ ਅੰਦਰ ਮੌਜੂਦ ਹੋਵੇ ਨਾਲ ਸਪਰਸ਼ ਕਰਨ ਤੋਂ ਬਚਿਆ ਰਹੇਗਾ।

## ਵਧੇਰੇ ਜਾਣਕਾਰੀ ਲਈ

**ਗਰਭ ਨੂੰ ਰੋਕਣ, ਤੇ ਪ੍ਰਭਾਵੀ ਸੰਤਾਨ ਨਿਅੰਤਰਣ/ਗਰਭ ਨਿਰੋਧ ਬਾਰੇ:**

www.sexandu.ca/contraception/non-hormonal-contraception/

https://www.uhn.ca/PatientsFamilies/Health_Information/Health_Topics/Documents/Preventing_Pregnancy_During_Cancer_Treatment.pdf

**ਕੈਂਸਰ ਲਿੰਗਕ ਸਿਹਤ ਅਤੇ ਜਣਨ ਬਾਰੇ:**

www.bccancer.bc.ca/health-info/coping-with-cancer/managing-symptoms-side-effects/sexual-health

www.bccancer.bc.ca/library-site/Documents/pathfinder_Sexuality-General.pdf

## ਨੋਟ:

________________________________________________

________________________________________________

________________________________________________

________________________________________________

________________________________________________

________________________________________________

________________________________________________

**ਜੇ ਤੁਸੀਂ ਸਮਝਦੇ ਹੋ ਕਿ ਤੁਸੀਂ ਗਰਭਵਤੀ ਹੋ ਸਕਦੇ ਹੋ ਤਾਂ ਛੱਟ ਪਟ ਆਪਣੀ ਹੈਲਥ ਕੇਅਰ ਟੀਮ ਨੂੰ ਦੱਸ ਦਿਓ!**